# ਸਰਕਾਰੀ ਕਾਲਜ ਲੜਕੀਆਂ, ਸੈਕਟਰ-11, ਚੰਡੀਗੜ੍ਹ।

ਪਾਠਕ੍ਰਮ: ਬੀ.ਏ. ਭਾਗ- ਦੂਜਾ
(ਪੇਪਰ- ਏ)

ਵਿਸ਼ਾ:- ਸੁਖਵੰਤ ਕੌਰ ਮਾਨ ਰਚਿਤ ਕਹਾਣੀ ਸੰਗ੍ਰਹਿ 'ਚਾਦਰ ਹੇਠਲਾ ਬੰਦਾ': ਇਕ ਅਧਿਐਨ।


ਪ੍ਰਸਤੁਤ ਕਰਤਾ:

ਪ੍ਰੋ: ਜਸਬੀਰ ਸਿੰਘ,
ਪੰਜਾਬੀ ਵਿਭਾਗ,
ਸਰਕਾਰੀ ਕਾਲਜ ਲੜਕੀਆਂ,
ਸੈਕਟਰ-11, ਚੰਡੀਗੜ੍ਹ।

## ਸੁਖਵੰਤ ਕੌਰ ਮਾਨ ਰਚਿਤ ਕਹਾਣੀ ਸੰਗ੍ਰਹਿ 'ਚਾਦਰ ਹੇਠਲਾ ਬੰਦਾ': ਇਕ ਅਧਿਐਨ।

- ਪੰਜਾਬੀ ਕਹਾਣੀ ਜਗਤ ਵਿੱਚ ਸੁਖਵੰਤ ਮਾਨ ਸਿਰਮੌਰ ਤੇ ਨਾਮਵਰ ਕਹਾਣੀਕਾਰਾਂ ਦੀ ਕਤਾਰ ਵਿੱਚ ਸ਼ੁਮਾਰ ਹੋ ਚੁੱਕੀ ਹੈ। ਭਾਵੇਂ ਉਸਨੇ ਸਾਹਿਤ ਦੇ ਹੋਰ ਰੂਪਾਂ ਨੂੰ ਵੀ ਆਪਣੀ ਲੇਖਣੀ ਦਾ ਅਧਾਰ ਬਣਾਇਆ ਪਰ ਮੁੱਖ ਰੂਪ ਵਿੱਚ ਉਹ ਕਹਾਣੀ ਲੇਖਿਕਾ ਦੇ ਰੂਪ ਵਿੱਚ ਹੀ ਸਥਾਪਿਤ ਹੋਈ ਹੈ। ਉਸਨੇ 'ਭੱਖੜੇ ਦੇ ਫੁੱਲ', 'ਤਰੇੜ', 'ਇਸ ਦੇ ਬਾਵਜੂਦ', 'ਮੋਹ-ਮਿੱਟੀ' ਅਤੇ 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਪੰਜਾਬੀ ਬੋਲੀ ਦੀ ਝੋਲੀ ਵਿੱਚ ਪਾਏ ਹਨ।

- ਆਪਣੀ ਵਿਲੱਖਣ ਅਤੇ ਨਿਵੇਕਲੀ ਸ਼ੈਲੀ ਸਦਕਾ ਉਹ ਪੰਜਾਬੀ ਕਹਾਣੀ ਦਾ ਮਾਣ ਅਖਵਾਉਣ ਦੀ ਹੱਕਦਾਰ ਹੈ।

- ਮਾਨ ਕੋਲ ਕਹਾਣੀ ਨਿਭਾਉਣ ਦਾ ਇੱਕ ਖਾਸ ਅੰਦਾਜ਼ ਹੈ। ਜਾਂ ਇਹ ਕਹਿ ਲਵੋ ਕਿ ਉਹ ਕਹਾਣੀ ਲਿਖਦੀ ਨਹੀਂ ਕਹਾਣੀ ਸੁਣਾਉਂਦੀ ਹੈ।

- 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਵਿੱਚ ਲੇਖਿਕਾ ਨੇ ਅਲੱਗ-ਅਲੱਗ ਵਿਸ਼ਿਆਂ ਨੂੰ ਬੜੀ ਹੀ ਕਲਾ-ਪ੍ਰਬੀਨਤਾ ਨਾਲ ਪ੍ਰਗਟਾਇਆ ਹੈ।

- ਇਸ ਕਹਾਣੀ ਸੰਗ੍ਰਹਿ ਵਿੱਚ ਦਰਜ਼ ਦਸਾਂ ਕਹਾਣੀਆਂ ਵਿੱਚ ਕਈ ਆਪਸੀ ਸਾਂਝਾਂ ਵੀ ਹਨ ਤੇ ਵਖਰੇਵੇਂ ਵੀ।

- ਕਹਾਣੀਆਂ ਵਿਚਲੀਆਂ ਘਟਨਾਵਾਂ ਦਾ ਲੇਖਿਕਾ ਨਾਲ ਸਿੱਧਾ ਸੰਬੰਧ ਪ੍ਰਤੀਤ ਹੁੰਦਾ ਹੈ ਜਿਹੜੀਆਂ ਉਸ ਦੇ ਧੁਰ ਮਨ ਅੰਦਰ ਡੂੰਘੀਆਂ ਧਸੀਆਂ ਹੋਈਆਂ ਮਹਿਸੂਸ ਹੁੰਦੀਆਂ ਹਨ। ਜਿਨ੍ਹਾਂ ਦਾ ਜ਼ਿਕਰ ਉਸਨੇ ਆਪਣੀ ਸੂਝ-ਬੂਝ ਨਾਲ ਪੇਸ਼ ਕੀਤਾ ਹੈ।

- ‘ਸੱਪ ਤੇ ਸ਼ਹਿਰ’ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ ਜੋ ਕਿ ਉਸ ਦੀ ਸਰਬੋਤਮ ਰਚਨਾ ਮੰਨੀ ਜਾ ਸਕਦੀ ਹੈ। ਇਸ ਵਿੱਚ ਉਸਨੇ ਬੜੇ ਹੀ ਸੂਖਮ ਤੇ ਭਾਵ-ਪੂਰਤ ਵਿਸ਼ੇ ਨੂੰ ਪ੍ਰਗਟਾਇਆ ਹੈ। ਆਜ਼ਾਦੀ ਤੋਂ ਤੁਰੰਤ ਬਾਅਦ ਵਾਪਰੀਆਂ ਦੁਖਾਂਤਕ ਘਟਨਾਵਾਂ ਦਾ ਉਲੇਖ ਕੀਤਾ ਹੈ।

- ਉਸਦੀ ਵਿਲੱਖਣਤਾ ਇਸ ਵਿੱਚ ਹੈ ਕਿ ਉਹ ਬੀਤੀ ਹੋਈ ਘਟਨਾ ਨੂੰ ਯਾਦਾਂ ਦੇ ਸਹਾਰੇ ਸਾਕਾਰ ਕਰਦੀ ਹੈ। ਦੇਸ਼ ਦੀ ਵੰਡ ਕਾਰਨ ਕਿਵੇਂ ਉਨ੍ਹਾਂ ਪਾਕਿਸਤਾਨ ਤੋਂ ਉਜੜ ਕੇ ਮਜਬੂਰਨ ਆਉਣਾ ਪਿਆ ਤੇ ਇਧਰ ਆ ਕੇ ਨਵੀਂ ਥਾਂ ਤੇ ਵਸਣ ਵਾਲੇ ਇਸ ਪਰਿਵਾਰ ਨੂੰ ਨਸਲੀ ਭੇਦ-ਭਾਵ ਦੀ ਭੇਂਟ ਚੜ੍ਹਨਾ ਪੈਂਦਾ ਹੈ। ਆਦਮੀ ਸੱਪ ਦਾ ਡੰਗਿਆ ਤਾਂ ਭਾਵੇਂ ਬਚ ਜਾਵੇ ਪਰ ਮਜ਼ਹਬੀ ਜਾਨੂੰਨ ਦਾ ਡੰਗਿਆ ਨਹੀਂ ਬਚ ਸਕਦਾ। ਕਿਉਂਕਿ ਇਸ ਦਾ ਇਲਾਜ ਹੀ ਨਾ-ਮੁਮਕਿਨ ਹੈ।

- ‘ਚਾਦਰ ਹੇਠਲਾ ਬੰਦਾ’ ਉਸਦੀ ਅਗਲੀ ਚਰਚਿਤ ਕਹਾਣੀ ਹੈ। ਜਿਸ ਵਿੱਚ ਉਸਨੇ ਦਿੱਲੀ ਦੰਗਿਆਂ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਉਸਨੇ ਘੋਰ ਮੁਸੀਬਤਾਂ ਝੱਲਣ ਤੋਂ ਬਾਅਦ ਮਨੁੱਖ ਦੀ ਮੁੜ-ਸੁਰਜੀਤੀ ਦੀ ਪਰਵਿਰਤੀ ਨੂੰ ਦਰਸਾਇਆ ਹੈ।

- ‘ਜ਼ਿੰਦਗਾਨੀ’ ਕਹਾਣੀ ਵਿੱਚ ਲੇਖਿਕਾ ਨੇ ਸਮਾਜ ਵਿੱਚ ਬਦਲ ਰਹੀਆਂ ਆਰਥਿਕ ਤੇ ਸਮਾਜਿਕ ਪ੍ਰਸਥਿਤੀਆਂ ਕਾਰਨ ਪੰਜਾਬ ਦੇ ਜਿੰਮੀਂਦਾਰਾਂ ਦੀ ਮਾਨਸਿਕ ਅਵਸਥਾ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ।

- ਕਹਾਣੀ ‘ਕਾਣਾ ਦਿਓ’ ਵਿੱਚ ਸੁਖਵੰਤ ਮਾਨ ਨੇ 1947 ਦੀ ਵੰਡ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਕਿਸ ਤਰ੍ਹਾਂ ਮਜ਼ਬੂਰੀ ਵਸ ਆਪਣੇ ਘਰਾਂ ਨੂੰ ਛੱਡ ਛਡਾ ਕੇ ਓਪਰੀ ਧਰਤੀ ਤੇ ਜਾ ਕੇ ਵਸਣਾ ਅਤੇ ਉਸ ਕਠੋਰ ਜ਼ਿੰਦਗੀ ਦੇ ਯਥਾਰਥ ਨੂੰ ਭੋਗਦੇ ਹਨ।
- ‘ਅਜੰਡਾ’ ਕਹਾਣੀ ਵਿੱਚ ਉਹ ਪੇਂਡੂ ਜੀਵਨ ਦੀ ਮੰਦਹਾਲੀ ਦਾ ਚਿਤਰਣ ਕਰਦੀ ਹੋਈ ਇਸ ਦੀਆਂ ਜਿੰਮੇਂਵਾਰ ਧਿਰਾਂ ਦੀ ਨਿਸ਼ਾਨਦੇਹੀ ਕਰਦੀ ਹੈ।

- 'ਕੱਛੂ-ਕੁੰਮਾ' ਕਹਾਣੀ ਵਿੱਚ ਵਾਸੀ ਤੇ ਪਰਵਾਸੀ ਮਜ਼ਦੂਰ ਦੇ ਆਪਸੀ ਸੰਬੰਧਾਂ ਨੂੰ ਦਰਸਾਉਂਦੀ ਹੈ। ਕਿਸ ਤਰ੍ਹਾਂ ਪੰਜਾਬ ਦੇ ਜਿੰਮੀਂਦਾਰਾਂ ਅਤੇ ਨਿਮਨ-ਜਾਤੀਆਂ ਖਾਸ ਤੌਰ ਤੇ ਜਿੰਮੀਂਦਾਰਾਂ ਦੇ ਕੰਮ ਕਰਦੇ ਵਿਅਕਤੀਆਂ ਦਾ ਆਪਸੀ ਰਿਸ਼ਤਾ ਇਕ ਖਾਸ ਰਿਸ਼ਤਾ ਹੁੰਦਾ ਸੀ ਪਰ ਹੁਣ ਬਦਲਦੀਆਂ ਆਰਥਿਕ ਤੇ ਸਮਾਜਿਕ ਪ੍ਰਸਥਿਤੀਆਂ ਕਾਰਨ ਉਹ ਅਪਣੱਤ ਤੇ ਇੱਕ ਦੂਜੇ ਦੇ ਕੰਮ ਆਉਣ ਦੀ ਭਾਵਨਾ ਹੁਣ ਤਕਰੀਬਨ ਖਤਮ ਹੀ ਹੋ ਗਈ ਹੈ।

- 'ਡੁੱਬਦੇ ਸੂਰਜ ਨਾਲ' ਕਹਾਣੀ ਵਿੱਚ ਪਰਦੇਸ਼ ਗਏ ਪੁੱਤਰ ਦੇ ਮਾਪਿਆਂ ਦੀ ਤ੍ਰਾਸਦੀ ਨੂੰ ਦਰਸਾਇਆ ਹੈ। ਕਿਵੇਂ ਪੰਜਾਬੀ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਜਾਣ ਵਾਸਤੇ ਜਾਇਜ਼ ਤੇ ਨਜ਼ਾਇਜ਼ ਤਰੀਕੇ ਵਰਤਦੇ ਹਨ।

- 'ਬੋਲ ਮੇਰੀ ਮੱਛਲੀ' ਕਹਾਣੀ ਵਿੱਚ ਪੰਜਾਬ ਸੰਕਟ ਦੇ ਸੰਤਾਪ ਤੋਂ ਦੁੱਖੀ ਹੋਏ ਵਿਅਕਤੀ ਦੀ ਮਾਨਸਿਕ ਅਵਸਥਾ ਨੂੰ ਬਿਆਨ ਕੀਤਾ ਗਿਆ ਹੈ।

- 'ਤੁਰਨਾ' ਕਹਾਣੀ ਵਿੱਚ ਬਾਹਰ ਜਾਣ ਦੇ ਲਾਲਚ ਵਿੱਚ ਏਜੰਟਾਂ ਹੱਥੋਂ ਸਤਾਏ ਪੰਜਾਬੀ ਨੌਜਵਾਨ ਦੀ ਤ੍ਰਾਸਦਿਕ ਤਸਵੀਰ ਨੂੰ ਪੇਸ਼ ਕੀਤਾ ਗਿਆ ਹੈ।

- 'ਦੇਰ ਆਇਦ ਦਰੁਸਤ ਆਇਦ' ਕਹਾਣੀ ਵਿੱਚ ਸੁਖਵੰਤ ਮਾਨ ਨੇ ਵੰਡ ਦੇ ਦੁਖਾਂਤ ਦਾ ਵਿਅਕਤੀ ਦੇ ਜੀਵਨ ਉਤੇ ਕੀ ਕੀ ਅਸਰ ਪਿਆ ਜਿਸ ਕਾਰਨ ਉਸ ਦਾ ਸਾਰਾ ਜੀਵਨ ਹੀ ਤ੍ਰਾਸਦਿਕ ਪ੍ਰਸਥਿਤੀਆਂ ਨੂੰ ਹੰਡਾਉਂਦਾ ਹੈ।

- ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੁਖਵੰਤ ਮਾਨ ਨੇ ਆਪਣੀਆਂ ਸਮੁੱਚੀਆਂ ਕਹਾਣੀਆਂ ਵਿੱਚ ਵਿਭਿੰਨ ਵਿਸ਼ਿਆਂ ਨੂੰ ਬੜੇ ਹੀ ਕਾਰਗਰ ਢੰਗ ਨਾਲ ਪੇਸ਼ ਕੀਤਾ ਹੈ। ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਦੀਆਂ ਸਮੁੱਚੀਆਂ ਕਹਾਣੀਆਂ ਵਿਸ਼ੇ ਪੱਖੋਂ ਖਾਸ ਵਿਸ਼ੇਸ਼ਤਾ ਦੀਆਂ ਧਾਰਨੀ ਹਨ।